# ਅਕਾਦਮਿਕ ਸਾਲ-2025-26
# ਇਤਿਹਾਸ
# ਸ਼੍ਰੇਣੀ-ਬਾਰ੍ਹਵੀਂ
# ਮਾਡਲ ਟੈਸਟ ਪੇਪਰ
## (ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ ਲਈ)

**ਸਮਾਂ**: 3 **ਘੰਟੇ** **ਕੁੱਲ ਅੰਕ**: 80

(i) ਪ੍ਰਸ਼ਨ ਪੱਤਰ 5 ਭਾਗਾਂ (ੳ,ਅ,ੲ,ਸ ਅਤੇ ਹ ) ਵਿੱਚ ਵੰਡਿਆ ਗਿਆ ਹੈ।

(ii) ਭਾਗ-ੳ ਪ੍ਰਸ਼ਨ ਨੰਬਰ 1 ਦੇ 10 ਉਪ ਭਾਗ ਹਨ। ਹਰ ਪ੍ਰਸ਼ਨ 2 ਅੰਕ ਦਾ ਹੈ।

(iii) ਭਾਗ-ਅ ਪ੍ਰਸ਼ਨ ਨੰਬਰ 2 ਦੇ 10 ਉਪ ਭਾਗ ਹਨ। ਹਰ ਪ੍ਰਸ਼ਨ 1 ਅੰਕ ਦਾ ਹੈ।

(iv) ਭਾਗ-ੲ ਪ੍ਰਸ਼ਨ ਨੰਬਰ 3 ਦੇ 8 ਉਪ ਭਾਗ ਹਨ, ਕੁਲ 5 ਪ੍ਰਸ਼ਨ ਕਰਨੇ ਹਨ। ਹਰ ਪ੍ਰਸ਼ਨ ਦਾ ਉੱਤਰ 25 -30 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 3 ਅੰਕ ਦਾ ਹੈ।

(v) ਭਾਗ-ਸ ਪ੍ਰਸ਼ਨ ਨੰਬਰ 4 ਸਰੋਤ ਆਧਾਰਿਤ ਪ੍ਰਸ਼ਨ ਹੈ, ਜੋ 20 ਅੰਕਾਂ ਦਾ ਹੈ। ਇਸ ਦੇ 2 ਉਪ ਭਾਗ ਹਨ। ਹਰ ਭਾਗ ਵਿਚ 2-2 ਨੰਬਰ ਦੇ 5 ਪ੍ਰਸ਼ਨ ਹਨ ।

(v) ਭਾਗ-ਹ ਪ੍ਰਸ਼ਨ ਨੰਬਰ 5 ਮਾਨਚਿੱਤਰ ਨਾਲ ਸਬੰਧਤ ਹੈ। ਇਸਦੇ 15 ਅੰਕ ਹਨ। ਸਥਾਨ ਦਰਸਾਉਣ ਦੇ 10 ਅੰਕ ਅਤੇ ਹਰੇਕ ਸਥਾਨ ਦੀ ਵਿਆਖਿਆ (10-15 ਸ਼ਬਦਾਂ ਵਿੱਚ) ਕਰਨ ਦੇ 5 ਅੰਕ ਹਨ । ਮਾਨਚਿੱਤਰ ਵਿੱਚ 100% ਅੰਦਰੂਨੀ ਛੋਟ ਹੋਵੇਗੀ।

**ਨੋਟ:- ਨੇਤਰਹੀਣ ਵਿਦਿਆਰਥੀਆਂ ਲਈ ਮਾਨ - ਚਿੱਤਰ ਦੀ ਜਗ੍ਹਾ ਵਿਕਲਪਿਕ ਪ੍ਰਸ਼ਨ ਪੁੱਛਿਆ ਜਾਵੇਗਾ।**

## ਭਾਗ (ੳ)

**1. ਬਹੁਵਿਕਲਪੀ ਪ੍ਰਸ਼ਨ** **10x2= 20**

(i) ਬਿਸਤ ਦੁਆਬ________ਅਤੇ ______ਨਦੀਆਂ ਵਿਚਕਾਰਲੇ ਖੇਤਰ ਨੂੰ ਕਿਹਾ ਜਾਂਦਾ ਹੈ।

(ੳ) ਬਿਆਸ,ਸਤਲੁਜ (ਅ) ਸਤਲੁਜ, ਰਾਵੀ

(ੲ) ਰਾਵੀ, ਚਨਾਬ (ਸ) ਚਨਾਬ, ਬਿਆਸ

(ii) ਕਿਸ ਗੁਰੂ ਸਾਹਿਬਾਨ ਨੇ 2200 ਘੋੜ ਸਵਾਰਾਂ ਦੀ ਸੈਨਾ ਤਾਂ ਰੱਖੀ, ਪਰ ਕਦੇ ਯੁੱਧ ਨਹੀ ਕੀਤਾ?

(ੳ) ਸ੍ਰੀ ਗੁਰੂ ਰਾਮ ਦਾਸ ਜੀ (ਅ) ਸ੍ਰੀ ਗੁਰੂ ਅੰਗਦ ਦੇਵ ਜੀ

(ੲ) ਸ੍ਰੀ ਗੁਰੂ ਹਰਿਰਾਏ ਜੀ (ਸ) ਸ੍ਰੀ ਗੁਰੂ ਅਮਰਦਾਸ ਜੀ

(iii) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ) 1633 ਈ. (ਅ) 1666 ਈ.

(ੲ) 1677 ਈ. (ਸ) 1699 ਈ.

(iv) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਸ ਸਥਾਨ ‘ਤੇ ਲਿਖਿਆ?

(ੳ) ਅਨੰਦਪੁਰ ਸਾਹਿਬ (ਅ) ਦੀਨਾ ਕਾਂਗੜ

(ੲ) ਆਲਮਗੀਰ (ਸ) ਮਾਛੀਵਾੜਾ

(v) ਮਹਾਰਾਜਾ ਰਣਜੀਤ ਸਿੰਘ ਦੇ ਵਿੱਤ ਮੰਤਰੀ ਦਾ ਨਾਂ ਕੀ ਸੀ?

(ੳ) ਭਵਾਨੀ ਦਾਸ (ਅ) ਹਰੀ ਸਿੰਘ ਨਲੂਆ

(ੲ) ਫਕੀਰ ਅਜੀਜੁਦੀਨ (ਸ) ਧਿਆਨ ਸਿੰਘ

(vi) ਤ੍ਰੈ ਪੱਖੀ ਸੰਧੀ ਵਿੱਚ ਕਿਹੜੀ ਧਿਰ ਸ਼ਾਮਿਲ ਨਹੀਂ ਸੀ?

(ੳ) ਅੰਗਰੇਜ਼ (ਅ) ਮਹਾਰਾਜਾ ਰਣਜੀਤ ਸਿੰਘ

(ੲ) ਅਹਿਮਦ ਸ਼ਾਹ ਅਬਦਾਲੀ (ਸ) ਸ਼ਾਹ ਸੁਜਾ

(vii) ਆਹਲੂਵਾਲੀਆ ਮਿਸਲ ਦਾ ਮੋਢੀ ਕੌਣ ਸੀ?

(ੳ) ਭਾਗ ਸਿੰਘ (ਅ) ਜੱਸਾ ਸਿੰਘ

(ੲ) ਜੋਧ ਸਿੰਘ (ਸ) ਹਰੀ ਸਿੰਘ

(viii) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?

(ੳ) 1770 ਈ. (ਅ) 1775 ਈ.

(ੲ) 1780 ਈ. (ਸ) 1785 ਈ.

(ix) ਮਹਾਰਾਜਾ ਰਣਜੀਤ ਸਿੰਘ ਨੇ ਮਾਲਵਾ ‘ਤੇ ਕਿੰਨੇ ਹਮਲੇ ਕੀਤੇ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(x) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ਼ਾਹੀ ਮੋਹਰ ‘ਤੇ ਕਿਹੜੇ ਸ਼ਬਦ ਉੱਕਰੇ ਹੋਏ ਸਨ?

(ੳ) ਨਾਨਕ ਸਹਾਇ (ਅ) ਗੋਬਿੰਦ ਸਹਾਇ

(ੲ) ਤੇਗ ਸਹਾਇ (ਸ) ਅਕਾਲ ਸਹਾਇ

## ਭਾਗ (ਅ)

**2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਈਨ ਵਿੱਚ ਦਿਓ:- 10 x 1 = 10**

**ਖਾਲੀ ਥਾਵਾਂ ਭਰੋ:-**

(i) ਦੁਆਬ ਸ਼ਬਦ ਤੋਂ ਕੀ ਭਾਵ ___________ਹੈ।

(ii) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਦਾ ਨਾਮ _____________ਸੀ।

(iii) ਮਸੰਦ ਪ੍ਰਥਾ ਦੀ ਸਥਾਪਨਾ _____________ ਨੇ ਕੀਤੀ?

**ਠੀਕ ਜਾਂ ਗ਼ਲਤ ਲਿਖੋ:-**

(iv) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 1666 ਈ. ਵਿੱਚ ਜੋਤੀ ਜੋਤ ਸਮਾਏ ਸਨ।

(v) ਗੁਰੂ ਤੇਗ਼ ਬਹਾਦਰ ਜੀ ਦਾ ਮੁੱਢਲਾ ਨਾਂ ਤਿਆਗ ਮੱਲ ਸੀ।

(vi) ਦਲ ਖਾਲਸਾ ਦੀ ਸਥਾਪਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ।

**ਸਹੀ ਮਿਲਾਨ ਕਰੋ:-**

| | |
|---|---|
| (vii) ਅਨੰਦ ਸਾਹਿਬ | (ੳ) ਸ੍ਰੀ ਗੁਰੂ ਅਰਜਨ ਦੇਵ ਜੀ |
| (viii) ਜਪੁਜੀ ਸਾਹਿਬ | (ਅ) ਸ੍ਰੀ ਗੁਰੂ ਰਾਮਦਾਸ ਜੀ |
| (ix) ਲਾਵਾਂ | (ੲ) ਸ੍ਰੀ ਗੁਰੂ ਨਾਨਕ ਦੇਵ ਜੀ |
| (x) ਸੁਖਮਨੀਸਾਹਿਬ | (ਸ) ਸ੍ਰੀ ਗੁਰੂ ਅਮਰਦਾਸ ਜੀ |

## ਭਾਗ (ੲ)

**3. ਕੋਈ ਪੰਜ ਪ੍ਰਸ਼ਨ ਕਰੋ।ਹਰੇਕ ਪ੍ਰਸ਼ਨ ਦਾ ਉੱਤਰ** 25 - 30 **ਸ਼ਬਦਾਂ ਵਿੱਚ ਦਿਓ: 5 x** 3 **= 15**

(i) ਗੁਰਮੁਖੀ ਲਿਪੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਦੀ ਚਰਚਾ ਕਰੋ।

(ii) ਮੰਜੀ ਪ੍ਰਥਾ ‘ਤੇ ਨੋਟ ਲਿਖੋ।

(iii) ਸ੍ਰੀ ਅਕਾਲ ਤਖਤ ਸਾਹਿਬ‘ਤੇ ਨੋਟ ਲਿਖੋ।

(iv) ਬਾਬਾ ਬੁੱਢਾ ਜੀ 'ਤੇ ਨੋਟ ਲਿਖੋ।

(v) ਅਕਾਲੀ ਫੂਲਾ ਸਿੰਘ ਕੌਣ ਸੀ?

(vi) ਬੁੱਢਾ ਦਲ ਅਤੇ ਤਰੁਣਾ ਦਲ ਤੋ ਕੀ ਭਾਵ ਹੈ?

(vii) ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੇ ਨੋਟ ਲਿਖੋ।

(viii) ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਉੱਤੇ ਅਧਿਕਾਰ ਤੇ ਉਸ ਦੇ ਮਹੱਤਵ ਬਾਰੇ ਦੱਸੋ।

## ਭਾਗ (ਸ) 10+10=20

**4. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:- 2 x 5 = 10**

**(1)** ਸਰਹਿੰਦ 'ਤੇ ਕਬਜਾ ਕਰਨ ਤੋਂ ਮਗਰੋਂ ਬੰਦਾ ਸਿੰਘ ਨੇ ਬਾਜ ਸਿੰਘ ਬੰਗੇਸ਼ਰੀ ਨੂੰ ਸਰਹਿੰਦ ਦਾ ਸੂਬੇਦਾਰ ਅਤੇ ਆਲੀ ਸਿੰਘ ਸਲੌਦੀ ਵਾਲੇ ਨੂੰ ਨਾਇਬ ਸੂਬੇਦਾਰ ਤਨਾਇਤ ਕੀਤਾ।ਬੰਦਾ ਸਿੰਘ ਨੇ 27 ਮਈ 1710 ਦੇ ਦਿਨ ਕਿਲ੍ਹੇ ਦੇ ਬਾਹਰ ਆਮ ਲੋਕਾਂ ਦਾ ਇੱਕ ਇੱਕਠ ਬੁਲਾਇਆ ਅਤੇ ਲੋਕ ਰਾਜ ਦਾ ਐਲਾਨ ਕਰ ਦਿੱਤਾ । ਉਸ ਨੇ ਇਹ ਵੀ ਕਿਹਾ ਕਿ ਜ਼ਮੀਨ ਦਾ ਮਾਲਕ ਕਾਸ਼ਤਕਾਰ ਹੀ ਹੋਵੇਗਾ ਅਤੇ ਉਹ ਸਿਰਫ਼ ਇੱਕ ਤਿਹਾਈ ਵਟਾਈ ਸਰਕਾਰ ਨੂੰ ਬੰਦਨ ਵਜੋਂ ਦੇਵੇਗਾ।ਬੰਦਾ ਸਿੰਘ ਨੇ ਜ਼ਮੀਨ ਦਾਰੀ ਸਿਸਟਮ ਉੱਕਾ ਹੀ ਖ਼ਤਮ ਕਰਨ ਦਾ ਵੀ ਐਲਾਨ ਕਰ ਦਿੱਤਾ ।ਇਹ ਬੰਦ ਸਿੰਘ ਹੀ ਸੀ ਜਿਸ ਨੇ ' ਦਲਿਤ ਜਾਣੇ ਜਾਂਦੇ , ਹੀਣੇ ਤੇ ਨਿਗੂਣੇ ਜਿਹੇ ਕਿਸਾਨਾਂ ਨੂੰ ਜੱਟ ਅਤੇ ਜ਼ਮੀਨਾਂ ਦੇ ਮਾਲਿਕ ਬਣਾ ਦਿੱਤਾ ਸੀ । ਇਹ ਗੱਲ ਕਾਬਲ ਜ਼ਿਕਰ ਹੈ ਕਿ ਦੁਨੀਆਂ ਭਰ ਵਿੱਚ ਜਾਗੀਰਦਾਰੀ ਦਾ ਸਭ ਤੋਂ ਪਹਿਲਾਂ ਖਾਤਮਾ ' ਬਾਬਾ ਬੰਦਾ ਸਿੰਘ ਨੇ ਕੀਤਾ ਸੀ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ਬੰਦਾ ਸਿੰਘ ਬਹਾਦਰ ਨੇ ਲੋਕ ਰਾਜ ਦਾ ਐਲਾਨ ਕਦੋਂ ਕੀਤਾ? 2
2. ਇਸ ਪੈਰ੍ਹੇ ਵਿੱਚ ਆਏ ਸ਼ਬਦ 'ਲੋਕ ਰਾਜ 'ਤੋਂ ਕੀ ਭਾਵ ਹੈ? 2
3. ਇਸ ਪੈਰ੍ਹੇ ਅਨੁਸਾਰ ਜਮੀਨ ਦਾ ਮਾਲਕ ਕੌਣ ਹੋਵੇਗਾ? 2
4. ਇਸ ਪੈਰ੍ਹੇ ਅਨੁਸਾਰ ਜਾਗੀਰਦਾਰੀ ਦਾ ਸਭ ਤੋਂ ਪਹਿਲਾਂ ਖਾਤਮਾ ਕਿਸ ਨੇ ਕੀਤਾ? 2
5. ਕਾਸ਼ਤਕਾਰ ਸ਼ਬਦ ਦਾ ਕੀ ਅਰਥ ਹੈ? 2

**(2) ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:- 2 x 5 = 10**

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਭਾਰਤੀ ਸੰਸਕ੍ਰਿਤੀ ਅਤੇ ਸਭਿਅਤਾ ਦੀ ਜਨਮ ਭੂਮੀ ਕਿਹਾ ਜਾਂਦਾ ਹੈ।ਅੱਜ ਤੋਂ ਲਗਭੱਗ 4 ਹਜ਼ਾਰ ਤੋਂ 5ਹਜ਼ਾਰ ਸਾਲ ਪਹਿਲਾਂ ਪੰਜਾਬ ਦੇ ਆਲੇ ਦੁਆਲੇ ਦੋ-ਪ੍ਰਦੇਸ਼ਾਂ ਵਿੱਚ ਸਿੰਧ ਘਾਟੀ ਦੀ ਸਭਿਅਤਾ ਜਾਂ ਹੜੱਪਾ ਸੱਭਿਅਤਾ ਦਾ ਜਨਮ ਹੋਇਆ, ਜੋ ਸੰਸਾਰ ਦੀਆਂ ਪ੍ਰਾਚੀਨ ਸਭਿਆਤਾਵਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ । ਰਮਾਇਣ ਅਤੇ ਮਹਾਭਾਰਤ ਦੇ ਮਹਾਨ ਪਾਤਰਾਂ ਦਾ ਸੰਬੰਧ ਵੀ ਪੰਜਾਬ ਨਾਲ ਸੀ। ਮਹਾਂਭਾਰਤ ਦਾ ਯੁੱਧ ਇਸੇ ਧਰਤੀ ਉੱਤੇ ਲੜਿਆ ਗਿਆ ਹੈ ਜਿਸ ਵਿੱਚ ਸ਼੍ਰੀ ਕਿਸ਼ਨ ਜੀ ਨੇ ਗੀਤਾ ਦਾ ਉਪਦੇਸ਼ ਦਿੱਤਾ ਸੀ । ਪੰਜਾਬ ਵਿੱਚ ਸੰਸਾਰ ਪ੍ਰਸਿੱਧ ਤਕਸ਼ਿਲਾ ਵਿਸ਼ਵ ਵਿਦਿਆਲਾ ਅਤੇ ਗੰਧਾਰ ਕਲਾ ਦੇ ਪ੍ਰਮੁੱਖ ਕੇਂਦਰ ਸਥਿਤ ਸਨ। ਅਰਥਸ਼ਾਸਤਰ ਦੇ ਲੇਖਕ ਕੌਟਿਲਯ, ਸੰਸਕ੍ਰਿਤ ਵਿਆਕਰਨ ਦੇ ਮਹਾਨ ਵਿਦਵਾਨ ਪਾਣਿਨੀ ਅਤੇ ਪ੍ਰਸਿੱਧ ਚਿਕਿਤਸਕ ਚਰਕ ਪੰਜਾਬ ਨਾਲ ਹੀ ਸਬੰਧ ਰੱਖਦੇ ਸਨ। ਭਾਰਤ ਦੇ ਰਾਜਨੀਤਕ ਇਤਿਹਾਸ ਦਾ ਨਿਰਮਾਣ ਵੀ ਕਿਸੇ ਹੱਦ ਤੱਕ ਪੰਜਾਬ ਵਿਚ ਹੀ ਹੋਇਆ। ਪੰਜਾਬ ਦੀ ਆਰਥਿਕ ਸਥਿਤੀ ਦੇ ਕਾਰਨ ਸਾਰੇ ਵਿਦੇਸ਼ੀ ਹਮਲਾਵਰ ਪੰਜਾਬ ਦੀ ਉੱਤਰ ਪੱਛਮੀ ਸੀਮਾ ਤੋਂ ਹੋ ਕੇ ਪੰਜਾਬ ਵਿੱਚ ਆਏ ਸਨ। ਚੰਦਰ ਗੁਪਤ

ਮੌਰੀਆ ਅਤੇ ਹਰਸ਼ ਵਰਧਨ ਜਿਹੇ ਰਾਜਿਆਂ ਨੇ ਪੰਜਾਬ ਤੋਂ ਹੀ ਆਪਣੀਆਂ ਜਿੱਤਾ ਦੀ ਮੁਹਿੰਮ ਆਰੰਭ ਕੀਤੀ ਅਤੇ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਮਰਾਜ ਦੀ ਸਥਾਪਨਾ ਕੀਤੀ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ਹੜੱਪਾ ਸੱਭਿਅਤਾ ਦਾ ਜਨਮ ਕਿਸ ਧਰਤੀ 'ਤੇ ਹੋਇਆ? 2
2. ਕਿਹੜੇ ਮਹਾਂਕਾਵਾਂ ਦੇ ਪਾਤਰਾਂ ਦਾ ਸੰਬੰਧ ਪੰਜਾਬ ਨਾਲ ਸੀ ? 2
3. ਸ੍ਰੀ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼ ਕਿਸ ਧਰਤੀ 'ਤੇ ਦਿੱਤਾ ? 2
4. ਭਾਰਤ 'ਤੇ ਹਮਲੇ ਕਰਨ ਵਾਲੇ ਵਿਦੇਸ਼ੀ ਹਮਲਾਵਰ ਪੰਜਾਬ ਵਿੱਚ ਕਿਸ ਪਾਸੇ ਤੋਂ ਦਾਖਲ ਹੁੰਦੇ ਸਨ ? 2
5. ਪਾਇਨੀ ਕਿਸ ਵਿਸ਼ੇ ਦਾ ਵਿਦਵਾਨ ਸੀ ? 2

## ਭਾਗ (ਹ)

## 5. ਪੰਜਾਬ ਦਾ ਮਾਨ - ਚਿੱਤਰ 10+5=15

(i) ਦਿੱਤੇ ਗਏ ਪੰਜਾਬ ਦੇ ਮਾਨ - ਚਿੱਤਰ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਕੋਈ ਪੰਜ ਸਥਾਨ ਭਰੋ ਅਤੇ ਹਰੇਕ ਸਥਾਨ ਦੀ ਵਿਆਖਿਆ ਕਰੋ।

**ਜਾਂ**

(ii) ਦਿੱਤੇ ਗਏ ਪੰਜਾਬ ਦੇ ਮਾਨ - ਚਿੱਤਰ ਵਿੱਚ ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਕੋਈ ਪੰਜ ਸਥਾਨ ਭਰੋ ਅਤੇ ਹਰੇਕ ਸਥਾਨ ਦੀ ਵਿਆਖਿਆ ਕਰੋ ।

## ਕੇਵਲ ਨੇਤਰਹੀਣ ਵਿਦਿਆਰਥੀਆਂ ਲਈ ਪ੍ਰਸ਼ਨ ਨੰਬਰ 5 ਦੇ ਸਥਾਨ 'ਤੇ

(i) ਵੱਡੇ ਘੱਲੂਘਾਰੇ 'ਤੇ ਨੋਟ ਲਿਖੋ।

**ਜਾਂ**

(ii) ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ ਪੰਜਾਬ ਕਿਉ ਕਿਹਾ ਜਾਂਦਾ ਹੈ?